# ਦਿ ਡਰਾਈਵ



ਨਵੰਬਰ 2023 ਅੰਕ 23

## ਇਸ ਐਡੀਸ਼ਨ ਵਿੱਚ

ਓ ਬੀ ਸੀ ਸੀ ਟੀ ਸੀ ਨੇ ਹਾਲ ਹੀ ਵਿੱਚ ਆਪਣੇ ਟਰੱਕ ਟੈਗ ("ਓ ਬੀ ਸੀ ਸੀ ਟੀ ਸੀ ਟੈਗ") ਪੇਸ਼ ਕੀਤੇ। ਇਹ ਟੈਗ ਓ ਬੀ ਸੀ ਸੀ ਟੀ ਸੀ ਨੂੰ ਕੁਝ ਵਿਲੱਖਣ ਉੱਦੇਸ਼ਾਂ ਵਿੱਚ ਸਹਾਇਤਾ ਕਰਣਗੇ ਤਾਂ ਜੋ ਓ ਬੀ ਸੀ ਸੀ ਟੀ ਸੀ ਦੋਵੇਂ ਆਨ-ਡੌਕ ਅਤੇ ਆਫ਼-ਡੌਕ ਸੀ ਟੀ ਐੱਸ ਕੰਮਾਂ ਲਈ ਡਰੇਜ਼ ਸੈਕਟਰ ਨੂੰ ਸਥਿਰਤਾ ਪ੍ਰਦਾਨ ਕਰਨ ਦੇ ਆਦੇਸ਼ ਨੂੰ ਪੂਰਾ ਕਰਨਾ ਜਾਰੀ ਰੱਖ ਸਕੇ। ਅੱਜ ਕੱਲ ਇਹ ਟੈਗ ਮੌਜੂਦਾ ਟੀ ਐੱਲ ਐੱਸ ਟੈਗਡ ਟਰੱਕਾਂ (ਦੋਵੇਂ ਕੰਪਨੀ ਟਰੱਕ ਅਤੇ ਆਈ ਓ ਟਰੱਕ) 'ਤੇ ਲਗਾਏ ਜਾ ਰਹੇ ਹਨ।

ਮੈਂ ਹਾਲ ਹੀ ਵਿੱਚ ਉਹਨਾਂ ਲਾਈਸੈਂਸੀਜ਼ ਨੂੰ ਪ੍ਰਸ਼ਾਸਕੀ ਜੁਰਮਾਨੇ ਜਾਰੀ ਕੀਤੇ ਹਨ ਜੋ ਕਿ ਅਨਟੈਗਡ ਆਫ਼-ਡੌਕ ਕੰਮ ਕਰਨ ਵਿੱਚ ਲੱਗੇ ਹੋਏ ਹਨ ਅਤੇ ਅਸੀਂ ਲਾਗੂਕਰਨਾਂ ਨੂੰ ਤਰਜੀਹ ਦੇਣ ਲਈ ਵਚਨਬੱਧ ਰਹਿੰਦੇ ਹਾਂ। ਇਸ ਵਚਨਬੱਧਤਾ ਦੇ ਹਿੱਸੇ ਵਜੋਂ, ਓ ਬੀ ਸੀ ਸੀ ਟੀ ਸੀ ਨੇ ਇੱਕ ਨਵੇਂ ਆਡੀਟਰ/ਇਨਵੈਸਟੀਗੇਟਰ ਨੂੰ ਅਕਤੂਬਰ 2023 ਵਿੱਚ ਨਿਯੁਕਤ ਕੀਤਾ ਹੈ।

ਅਸੀਂ ਲੇ ਆਫ਼ ਹੋਏ ਡਰਾਈਵਰਾਂ ਨੂੰ ਉਪਲਬਧ ਕੰਮ ਦੇ ਮੌਕਿਆਂ ਦੇ ਨਾਲ ਮੇਲ ਕਰਨ ਦੇ ਸਾਡੇ ਯਤਨਾਂ ਨੂੰ ਜਾਰੀ ਰੱਖ ਰਹੇ ਹਾਂ ਅਤੇ ਅਸੀਂ ਇਸ ਤਿਮਾਹੀ ਵਿੱਚ ਕੁਝ ਹੋਰ ਆਰਜ਼ੀ ਟੈਗ ਜਾਰੀ ਕੀਤੇ ਹਨ। ਅਸੀਂ ਟਰੱਕ ਟੈਗਾਂ ਦੀ ਗਿਣਤੀ ਨਹੀਂ ਵਧਾ ਰਹੇ ਹਾਂ ਪਰ ਮੌਜੂਦਾ ਟੈਗਸ ਦੀ ਵੱਧ ਤੋਂ ਵੱਧ ਵਰਤੋਂ ਕਰਨ ਲਈ ਲਾਈਸੈਂਸੀਸ ਅਤੇ ਡਰਾਈਵਰਾਂ ਨਾਲ ਕੰਮ ਕਰਨਾ ਚਾਹੁੰਦੇ ਹਾਂ।

ਸਾਲ ਦੇ ਅੰਤ ਤੱਕ ਪਹੁੰਚਦੇ ਹੋਏ, ਓ ਬੀ ਸੀ ਸੀ ਟੀ ਸੀ 2024 ਦੀਆਂ ਲਾਇਸੈਂਸ ਅਰਜ਼ੀਆਂ ਦੀ ਤਿਆਰੀ ਲਈ ਆਪਣੀਆਂ ਨੀਤੀਆਂ, ਪ੍ਰਕਿਰਿਆਵਾਂ ਅਤੇ ਦਸਤਾਵੇਜ਼ਾਂ ਦੀ ਸਮੀਖਿਆ ਕਰੇਗਾ ਅਤੇ ਫ਼ੀਡਬੈਕ ਲਈ ਡਰੇਜ਼ ਸੈਕਟਰ ਤੱਕ ਪਹੁੰਚ ਕਰੇਗਾ।

ਸੱਚੇ ਦਿਲੋਂ,

ਗਲੈੱਨ ਮੈਕਇੰਨਸ
ਕੰਟੇਨਰ ਟਰੱਕਿੰਗ ਕਮਿਸ਼ਨਰ

## ਲਾਈਸੈਂਸੀਸ ਅਤੇ ਡਰਾਈਵਰਾਂ ਲਈ ਸ੍ਰੋਤ

**ਆਫ਼ਿਸ ਆਫ਼ ਦੀ ਬੀ ਸੀ ਕੰਟੇਨਰ ਟਰੱਕਿੰਗ ਕਮਿਸ਼ਨਰ**
604-660-6051
obcctc.ca

**ਕੌਨਫ਼ੀਡੈਂਸ਼ਲ ਡਰੇਜ਼ ਕੰਪਲੇਂਟ ਲਾਈਨ (ਕੌਨਫ਼ੀਡੈਂਸਲਾਈਨ)**
1-877-713-5109
www.drayage.confidenceline.net

**ਵੈਨਕੂਵਰ ਫਰੇਜ਼ਰ ਪੋਰਟ ਅਥਾਰਿਟੀ ਟੀ ਐੱਲ ਐੱਸ ਐਡਮਨਿਸਟਰੇਟਰ**
604-665-9333

**ਓ ਬੀ ਸੀ ਸੀ ਟੀ ਸੀ ਰੇਟ ਆਰਡਰ**
obcctc.ca/rate-order

**ਓ ਬੀ ਸੀ ਸੀ ਟੀ ਸੀ ਦੇ ਫ਼ੈਸਲੇ**
obcctc.ca/decisions

**ਓ ਬੀ ਸੀ ਸੀ ਟੀ ਸੀ ਦੀਆਂ ਪਾਲਸੀਆਂ**
obcctc.ca/policies

**ਓ ਬੀ ਸੀ ਸੀ ਟੀ ਸੀ ਇੰਡਸਟਰੀ ਮਿਮੋਜ਼**
obcctc.ca/industry-communications

***ਕੰਟੇਨਰ ਟਰੱਕਿੰਗ ਐਕਟ***
obcctc.ca/act

***ਕੰਟੇਨਰ ਟਰੱਕਿੰਗ ਰੈਗੂਲੇਸ਼ਨ***
obcctc.ca/regulation

# ਨਵਾਂ ਕੀ ਹੈ

## ਪਰੋਵੀਜ਼ਨਲ ਟੈਗ

ਬਹੁਤ ਸਾਰੇ ਡਰਾਈਵਰ ਓ ਬੀ ਸੀ ਸੀ ਟੀ ਸੀ ਨਾਲ ਸੰਪਰਕ ਕਰਕੇ ਸਾਨੂੰ ਸੂਚਿਤ ਕਰ ਰਹੇ ਹਨ ਕਿ ਉਹਨਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਡਰਾਈਵਰਾਂ ਨੂੰ ਕੰਮ ਨਾਲ ਜੋੜਨ ਦੇ ਸਾਡੇ ਯਤਨਾਂ ਵਿੱਚ, ਅਸੀਂ ਲਾਈਸੈਂਸੀਸ ਨਾਲ ਗੱਲ ਕੀਤੀ, ਜਹਿਨਾਂ ਨੇ ਸਾਨੂੰ ਦੱਸਿਆ ਕਿ ਉਹਨਾਂ ਕੋਲ ਕੁਝ ਸਮੇਂ ਲਈ ਕੰਮ ਉਪਲਬਧ ਹੈ, ਅਤੇ ਇਸ ਤਿਮਾਹੀ ਵਿੱਚ ਆਰਜ਼ੀ ਟੈਗਾਂ ਦਾ ਇੱਕ ਹੋਰ ਦੌਰ ਜਾਰੀ ਕੀਤਾ ਗਿਆ। ਇਸ ਤਰਾਂਹ ਓ ਬੀ ਸੀ ਸੀ ਟੀ ਸੀ ਇੱਕ ਵਾਰ ਫ਼ੇਰ ਡਰਾਈਵਰਾਂ ਨੂੰ ਅਸਥਾਈ ਤੌਰ 'ਤੇ ਸਾਰਥਕ ਕੰਮ ਨਾਲ ਮੇਲ ਕਰਾਉਣ ਅਤੇ ਲਾਈਸੈਂਸੀਸ ਨੂੰ ਕੰਮ ਕਰਨ ਲਈ ਡਰਾਈਵਰ ਪ੍ਦਾਨ ਕਰਨ ਵਿੱਚ ਸਫ਼ਲ ਰਿਹਾ।

ਇੱਥੇ ਬੁਲੇਟਿਨ ਪੜ੍ਹੋ

## ਘੱਟ ਕਾਰਗੁਜ਼ਾਰੀ ਵਾਲੇ ਟੈਗਾਂ ਦੀ ਮੁੜ ਵੰਡ

ਓ ਬੀ ਸੀ ਸੀ ਟੀ ਸੀ ਟਰੱਕ ਟੈਗ ਨੀਤੀ ਅਨੁਸਾਰ ਡਰਾਈਵਰਾਂ ਨੂੰ ਉੱਚ ਪ੍ਦਰਸ਼ਨ ਕਰਨ ਵਾਲੇ ਲਾਈਸੈਂਸੀਜ਼ ਵੱਲ ਲਿਜਾਣ ਲਈ ਉਤਸ਼ਾਹਿਤ ਕਰਨ ਦੇ ਸਾਡੇ ਯਤਨਾਂ ਦੇ ਹਿੱਸੇ ਵਜੋਂ, ਅਸੀਂ ਸਭ ਤੋਂ ਘੱਟ ਪ੍ਦਰਸ਼ਨ ਕਰਨ ਵਾਲੇ ਲਾਈਸੈਂਸੀਜ਼ ਦੀ ਕਾਰਗੁਜ਼ਾਰੀ ਸਮੀਖਿਆ ਪੂਰੀ ਕਰ ਲਈ ਹੈ ਅਤੇ ਟਰੱਕ ਟੈਗ ਵਾਪਸ ਲੈ ਲਏ ਹਨ। ਉੱਚ ਪ੍ਦਰਸ਼ਨ ਕਰਨ ਵਾਲੇ ਲਾਈਸੈਂਸੀਜ਼ ਨੇ ਸੰਕੇਤ ਦਿੱਤਾ ਹੈ ਕਿ ਉਹਨਾਂ ਕੋਲ ਕੰਮ ਹੈ, ਜਿਸ ਕਰਕੇ ਓ ਬੀ ਸੀ ਸੀ ਟੀ ਸੀ ਨੇ ਰੱਦ ਕੀਤੇ ਗਏ ਟੈਗਸ ਨੂੰ ਮੁੜ ਵੰਡਣ ਲਈ ਲਾਈਸੈਂਸੀਜ਼ ਨੂੰ ਟੈਗਾਂ ਲਈ ਅਰਜ਼ੀ ਦੇਣ ਲਈ ਸੱਦਾ ਦਿੱਤਾ ਹੈ। ਇਹ ਨਵੇਂ ਟੈਗ ਨਹੀਂ ਹਨ, ਸਗੋਂ ਅਜਿਹੇ ਟੈਗ ਹਨ ਜੋ ਪੂਰੀ ਤਰਹਾਂ ਵਰਤੋਂ ਵਿੱਚ ਨਹੀਂ ਆ ਰਹੇ ਸਨ। ਇਹ ਡਰਾਈਵਰਾਂ ਨੂੰ ਉਪਲਬਧ ਅਤੇ ਸਾਰਥਕ ਕੰਮ ਨਾਲ ਮੇਲਣ ਦੇ ਸਾਡੇ ਲਗਾਤਾਰ ਯਤਨਾਂ ਦਾ ਹਿੱਸਾ ਹੈ।

ਇੱਥੇ ਬੁਲੇਟਿਨ ਪੜ੍ਹੋ


## ਓ ਬੀ ਸੀ ਸੀ ਟੀ ਸੀ ਟੈਗ

*ਕੰਟੇਨਰ ਟਰੱਕਿੰਗ ਐਕਟ, ਕੰਟੇਨਰ ਟਰੱਕਿੰਗ ਰੈਗੂਲੇਸ਼ਨ* ਅਤੇ ਸੀ ਟੀ ਐੱਸ ਲਾਇਸੈਂਸ ਦੀ ਪਾਲਣਾ ਓ ਬੀ ਸੀ ਸੀ ਟੀ ਸੀ ਲਈ ਬਹੁਤ ਮਹੱਤਵਪੂਰਨ ਹੈ, ਅਤੇ ਅਸੀਂ ਆਫ਼-ਡੌਕ ਇੰਫ਼ੋਰਸਮੈਂਟ ਨੂੰ ਵਧਾਉਣ ਲਈ ਲਗਾਤਾਰ ਕੰਮ ਕਰ ਰਹੇ ਹਾਂ। ਇਸ ਲਈ, ਅਸੀਂ ਓ ਬੀ ਸੀ ਸੀ ਟੀ ਸੀ ਟੈਗ ਪੇਸ਼ ਕੀਤਾ ਹੈ, ਜੋ ਕਿ ਮੌਜੂਦਾ ਟੀ ਐੱਲ ਐੱਸ ਡੈਕਲ ਤੋਂ ਇਲਾਵਾ, ਸੀ ਟੀ ਐੱਸ ਕੰਮ ਕਰਨ ਵਾਲੀ ਹਰੇਕ ਪ੍ਵਾਨਿਤ ਕੰਪਨੀ ਅਤੇ ਆਈ ਓ ਟਰੱਕ 'ਤੇ ਚਿਪਕਾਇਆ ਜਾਵੇਗਾ। ਸਾਡਾ ਮੰਨਣਾ ਹੈ ਕਿ ਇਸ ਨਾਲ ਓ ਬੀ ਸੀ ਸੀ ਟੀ ਸੀ ਦੀਆਂ ਲਾਗੂਕਰਨ ਪਹਿਲਕਦਮੀਆਂ, ਜਿਵੇਂ ਕਿ ਬਹਿਤਰ ਦਿੱਖ ਆਦਿ ਨੂੰ ਬਹੁਤ ਲਾਭ ਹੋਵੇਗਾ।

ਇੱਥੇ ਓ ਬੀ ਸੀ ਸੀ ਟੀ ਸੀ ਟੈਗ ਬਾਰੇ ਹੋਰ ਜਾਣੋ










## ਨਿਯਮਾਂ ਦੀ ਪਾਲਣਾ ਬਾਰੇ ਓ ਬੀ ਸੀ ਸੀ ਟੀ ਸੀ ਵੱਲੋਂ ਤਾਜ਼ਾ ਜਾਣਕਾਰੀ





# ਤਾਜ਼ਾ ਫ਼ੈਸਲੇ

## ਪਰੋ ਵੈਸਟ ਟਰੌਕਿੰਗ ਲਿਮਿਟਿਡ (ਸੀ ਟੀ ਸੀ ਫ਼ੈਸਲਾ ਨੰਬਰ 08/2023) - 50,000 ਡਾਲਰ ਜੁਰਮਾਨਾ ਅਤੇ ਚਾਰ-ਹਫ਼ਤੇ ਦਾ ਲਾਇਸੈਂਸ ਮੁਅੱਤਲ

ਪਰੋ ਵੈਸਟ ਟਰੌਕਿੰਗ ਲਿਮਿਟਿਡ ਕਮਸ਼ਿਨਰ ਦੇ ਹੁਕਮਾਂ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਹੀ, ਅਤੇ *ਐਕਟ* ਅਨੁਸਾਰ, ਆਪਣੇ ਸਿੱਧੇ ਤੌਰ 'ਤੇ ਨਿਯੁਕਤ ਕੀਤੇ ਓਪਰੇਟਰਾਂ ("ਕੰਪਨੀ ਡਰਾਈਵਰਾਂ") ਅਤੇ ਸੁਤੰਤਰ ਓਪਰੇਟਰਾਂ ("ਆਈ ਓ") ਨੂੰ ਭੁਗਤਾਨ ਕਰਨ ਵਿੱਚ ਅਸਫ਼ਲ ਰਹੀ। ਇਹ ਵੀ ਪਾਇਆ ਗਿਆ ਕਿ ਪਰੋ ਵੈਸਟ ਨੇ *ਐਕਟ* ਅਤੇ ਕੰਟੇਨਰ ਟਰੌਕਿੰਗ ਸਰਵਿਸਿਜ਼ ਲਾਇਸੈਂਸ ("ਸੀ ਟੀ ਐੱਸ ਲਾਇਸੈਂਸ") ਦੀ ਉਲੰਘਣਾ ਕਰਦੇ ਹੋਏ ਕੁਝ ਆਈ ਓ ਦੀਆਂ ਉਜਰਤਾਂ ਤੋਂ ਕਾਰੋਬਾਰੀ ਲਾਗਤਾਂ ਨੂੰ ਗਲਤ ਢੰਗ ਨਾਲ ਕੱਟਿਆ ਸੀ।

## ਗੁਲਜ਼ਾਰ ਟਰਾਂਸਪੋਰਟ ਇੰਕ. ਅਤੇ ਜੈੱਟ ਸਪੀਡ ਟਰਾਂਸਪੋਰਟ ਲਿਮਿਟਿਡ ਬਨਾਮ ਓ ਬੀ ਸੀ ਸੀ ਟੀ ਸੀ

ਗੁਲਜ਼ਾਰ ਟਰਾਂਸਪੋਰਟ ਇੰਕ. ਅਤੇ ਜੈੱਟ ਸਪੀਡ ਟਰਾਂਸਪੋਰਟ ਲਿਮਿਟਿਡ ਨੇ ਬ੍ਰਿਟਿਸ਼ ਕੋਲੰਬੀਆ ਕੰਟੇਨਰ ਟਰੌਕਿੰਗ ਕਮਿਸ਼ਨਰ ਦੇ ਮਿਤੀ 19 ਮਾਰਚ, 2021 ਦੇ ਸੀ ਟੀ ਸੀ ਫ਼ੈਸਲਾ ਨੰਬਰ 02/2021 ("ਦੂਜਾ ਪੁਨਰ-ਵਿਚਾਰ ਫ਼ੈਸਲਾ") ਦੀ ਨਿਆਇਕ ਸਮੀਖਿਆ ਦੀ ਮੰਗ ਕੀਤੀ। ਦੂਜੇ ਪੁਨਰ-ਵਿਚਾਰ ਫ਼ੈਸਲੇ ਵਿੱਚ, ਕਮਿਸ਼ਨਰ ਨੇ ਟਰੱਕ ਡਰਾਈਵਰਾਂ ਨੂੰ ਵਿਧਾਨਕ ਘੱਟੋ-ਘੱਟ ਰੇਟਾਂ ਦੇ ਉਲਟ ਘੱਟ ਭੁਗਤਾਨ ਕਰਨ ਅਤੇ ਬਾਅਦ ਵਿੱਚ ਕਮਿਸ਼ਨਰ ਦਫ਼ਤਰ ਦੁਆਰਾ ਕਰਵਾਏ ਗਏ ਆਡਿਟ ਦੌਰਾਨ ਘੱਟ ਅਦਾਇਗੀਆਂ ਨੂੰ ਛੁਪਾਣ ਦੀ ਕੋਸ਼ਿਸ਼ ਕਰਨ ਲਈ ਕੰਪਨੀਆਂ 'ਤੇ ਵੱਧ ਤੋਂ ਵੱਧ 500,000 ਡਾਲਰ ਦਾ ਪ੍ਰਬੰਧਕੀ ਜੁਰਮਾਨਾ ਲਗਾਇਆ। ਕੰਪਨੀਆਂ ਨੇ ਦਲੀਲ ਦਿੱਤੀ ਕਿ ਦੂਜਾ ਪੁਨਰ-ਵਚਿਾਰ ਫ਼ੈਸਲਾ ਵਿਧੀਗਤ ਤੌਰ 'ਤੇ ਅਨੁਚਿਤ ਅਤੇ ਸਪੱਸ਼ਟ ਤੌਰ 'ਤੇ ਗੈਰ-ਵਾਜਬ ਸੀ, ਅਤੇ ਇਸ ਨੂੰ ਪਾਸੇ ਰੱਖਿਆ ਜਾਣਾ ਚਾਹੀਦਾ ਹੈ। ਕਮਿਸ਼ਨਰ ਦੇ ਦੂਜੇ ਪੁਨਰ-ਵਿਚਾਰ ਫੈਸਲੇ ਦੀ ਨਿਆਇਕ ਸਮੀਖਿਆ ਲਈ ਕੰਪਨੀਆਂ ਦੀ ਪਟੀਸ਼ਨ ਬੀ ਸੀ ਸੁਪਰੀਮ ਕੋਰਟ ਦੁਆਰਾ ਖਾਰਜ ਕਰ ਦਿੱਤੀ ਗਈ ਹੈ।

## ਸੂਪਰਸੌਨਿਕ ਟਰੌਕਿੰਗ ਲਿਮਿਟਿਡ (ਸੀ ਟੀ ਸੀ ਫ਼ੈਸਲਾ ਨੰਬਰ 11/2023) - 6,000 ਡਾਲਰ ਜੁਰਮਾਨਾ<br>ਸੂਪਰ ਸਟਾਰ ਟਰੌਕਿੰਗ ਲਿਮਿਟਿਡ (ਸੀ ਟੀ ਸੀ ਫ਼ੈਸਲਾ ਨੰਬਰ 14/2023) - 6,000 ਡਾਲਰ ਜੁਰਮਾਨਾ

ਦੋਵੇਂ ਕੰਪਨੀਆਂ 2022 ਸੀ ਟੀ ਐੱਸ ਲਾਇਸੈਂਸ ਅਨੁਸਾਰ ਇਲੈਕਟ੍ਰਾਨਿਕ ਪੇਰੋਲ ਰਿਕਾਰਡਾਂ ਨੂੰ ਕਾਇਮ ਰੱਖਣ ਵਿੱਚ ਅਸਫ਼ਲ ਰਹਿਣ, ਆਡਿਟ ਦੀ ਮਿਆਦ ਦੌਰਾਨ ਹਰੇਕ ਡਰਾਈਵਰ ਦੁਆਰਾ ਕੰਮ ਕੀਤੇ ਰੋਜ਼ਾਨਾ ਘੰਟਿਆਂ ਦੀ ਪਛਾਣ ਕਰਨ ਵਾਲੇ ਪੇਰੋਲ ਰਿਕਾਰਡ ਨੂੰ ਆਡੀਟਰ ਨੂੰ ਪ੍ਰਦਾਨ ਕਰਨ ਵਿੱਚ ਅਸਫ਼ਲ ਰਹੀਆਂ।

## ਸਿਮਾਰਡ ਵੈਸਟਲਿੰਕ ਇੰਕ. (ਸੀ ਟੀ ਐੱਸ ਫ਼ੈਸਲਾ ਨੰਬਰ 09/2023) - 12,000 ਡਾਲਰ ਜੁਰਮਾਨਾ

ਸਿਮਾਰਡ ਵੈਸਟਲਿੰਕ ਇੰਕ. ਲੋਅਰ ਮੇਨਲੈਂਡ ਵਿੱਚ ਕੰਟੇਨਰਾਂ ਨੂੰ ਲਿਜਾਣ ਲਈ ਬਿਨਾਂ ਟੈਗ ਦੇ ਟਰੱਕਾਂ ਦੀ ਵਰਤੋਂ ਕਰਕੇ, ਦੋ ਡਰਾਈਵਰਾਂ ਨੂੰ ਨਿਯੰਤਰਿਤ ਰੇਟਾਂ ਤੋਂ ਘੱਟ ਭੁਗਤਾਨ ਕਰਕੇ, ਅਤੇ ਆਈ ਓ ਜੋ ਕਿ ਆਈ ਓ ਲਿਸਟ ਤੇ ਨਹੀਂ ਸੀ ਦੀਆਂ ਸੇਵਾਵਾਂ ਦੀ ਵਰਤੋਂ ਕਰਕੇ, *ਕੰਟੇਨਰ ਟਰੌਕਿੰਗ ਐਕਟ* ਅਤੇ ਸੀ ਟੀ ਐੱਸ ਲਾਇਸੈਂਸ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਹੀ।

## ਜੀਟਸ ਲੰਬਰ ਕੰਪਨੀ ਲਿਮਿਟਿਡ (ਸੀ ਟੀ ਐੱਸ ਫ਼ੈਸਲਾ ਨੰਬਰ 12/2023)

ਐੱਮ ਟੀ ਬੀ ਦੇ ਨਾਲ ਜੀਟਸ ਲੰਬਰ ਕੰਪਨੀ ਲਿਮਿਟੇਡ ਦੇ ਸਪਾਂਸਰਸ਼ਿਪ ਐਗਰੀਮੈਂਟ, *ਐਕਟ* ਅਤੇ ਜੀਟਸ ਦੇ ਸੀ ਟੀ ਐੱਸ ਲਾਈਸੈਂਸ ਦੀ ਉਲੰਘਣਾ ਕਰਦੇ ਪਾਏ ਗਏ, ਜਦੋਂ ਇਹ ਪਾਇਆ ਗਿਆ ਕਿ ਐੱਮ ਟੀ ਬੀ ਨੇ ਸਪਾਂਸਰਸ਼ਿਪ ਐਗਰੀਮੈਂਟ ਦੇ ਤਹਿਤ ਟਰੱਕਾਂ ਨੂੰ ਚਲਾਉਣ ਲਈ ਆਈ ਈ ਓ ਨੂੰ ਫ਼ੁੱਲ ਟਾਈਮ ਹਾਇਰ ਕੀਤਾ ਸੀ। ਕਮਿਸ਼ਨਰ ਨੇ ਪਾਇਆ ਕਿ ਸਪਾਂਸਰਸ਼ਿਪ ਐਗਰੀਮੈਂਟਸ ਅਵੈਧ ਸਨ।

## ਗੈਟਰੀ ਟਰੌਕਿੰਗ ਲਿਮਿਟਿਡ ਅਤੇ ਟੀ ਐੱਸ ਡੀ ਹੋਲਡਿੰਗ ਇੰਕ. (ਸੀ ਟੀ ਸੀ ਫ਼ੈਸਲਾ ਨੰਬਰ 13/2023) - ਹਰੇਕ ਨੂੰ 5,000 ਡਾਲਰ ਜੁਰਮਾਨਾ

ਕੰਪਨੀਆਂ ਆਪਣੇ ਡਰਾਈਵਰਾਂ ਅਤੇ ਉਪਕਰਨਾਂ ਦੇ ਏਕੀਕਰਣ ਦੇ ਮੱਦੇਨਜ਼ਰ ਇੱਕ ਸੰਯੁਕਤ ਆਡਿਟ ਦਾ ਵਿਸ਼ਾ ਸਨ। ਉਹ ਆਡਿਟ ਪੀਰੀਅਡ ਦੇ ਦੌਰਾਨ ਕਈ ਮੌਕਿਆਂ 'ਤੇ ਆਪਣੇ ਡਰਾਈਵਰਾਂ ਦੁਆਰਾ ਕੀਤੇ ਗਏ ਕੰਮ ਦੇ ਰੋਜ਼ਾਨਾ ਘੰਟਿਆਂ ਦਾ ਦਸਤਾਵੇਜ਼ੀ ਪੇਰੋਲ ਰਿਕਾਰਡ ਪ੍ਰਦਾਨ ਕਰਨ ਵਿੱਚ ਅਸਮਰਥ ਸਨ।

## ਸੇਫ਼ਵੇਅ ਟਰੌਕਿੰਗ ਲਿਮਿਟਿਡ. ਅਤੇ ਕੋਸਟ ਪੈਸਿਫ਼ਿਕ ਕੈਰੀਅਰ ਇੰਕ. – ਕਮਿਸ਼ਨਰ ਦਾ ਆਰਡਰ

ਓ ਬੀ ਸੀ ਸੀ ਟੀ ਸੀ ਨੂੰ ਡਰਾਈਵਰਾਂ ਤੋਂ ਸ਼ਿਕਾਇਤਾਂ ਮਿਲੀਆਂ ਹਨ ਕਿ ਉਹਨਾਂ ਨੂੰ ਦੋਵੇਂ ਕੰਪਨੀਆਂ ਤੋਂ ਭੁਗਤਾਨ ਨਹੀਂ ਕੀਤਾ ਗਿਆ। ਇੱਕ ਜਾਂਚ ਦੇ ਬਾਅਦ, ਜਿਸ ਵਿੱਚ ਦੋਵਾਂ ਕੰਪਨੀਆਂ ਲਈ ਦਸਤਾਵੇਜ਼ ਅਤੇ ਦੋਸ਼ਾਂ ਬਾਰੇ ਇੱਕ ਸਬਮਿਸ਼ਨ ਪ੍ਰਦਾਨ ਕਰਨ ਦਾ ਮੌਕਾ ਸ਼ਾਮਲ ਸੀ, ਅਤੇ ਉਪਲਬਧ ਸਬੂਤਾਂ ਦੇ ਅਧਾਰ ਤੇ, ਕਮਿਸ਼ਨਰ ਨੇ ਇੱਕ ਆਰਡਰ ਜਾਰੀ ਕੀਤਾ ਕਿ ਸ਼ਿਕਾਇਤਕਰਤਾਵਾਂ ਨੂੰ ਬਕਾਇਆ ਤਨਖਾਹ ਦਿੱਤੀ ਜਾਵੇ।

**ਓ ਬੀ ਸੀ ਸੀ ਟੀ ਸੀ ਦੇ ਸਾਰੇ ਫ਼ੈਸਲੇ ਇੱਥੇ ਵੇਖੋ**

# DID YOU KNOW?


## ਓ ਬੀ ਸੀ ਸੀ ਟੀ ਸੀ ਦੀ ਕੌਨਫ਼ੀਡੈਂਸਲਾਈਨ

ਜੇਕਰ ਤੁਹਾਨੂੰ ਕੋਈ ਚਿੰਤਾਵਾਂ ਹਨ ਅਤੇ ਤੁਸੀਂ ਕੰਮ 'ਤੇ ਦੁਰਵਿਹਾਰ ਦੀ ਰਿਪੋਰਟ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸ਼ਿਕਾਇਤ ਦਰਜ ਕਰਨ ਲਈ ਓ ਬੀ ਸੀ ਸੀ ਟੀ ਸੀ ਦੀ ਕੌਨਫ਼ੀਡੈਂਸਲਾਈਨ ਦੀ ਵਰਤੋਂ ਕਰੋ। ਕੌਨਫ਼ੀਡੈਂਸਲਾਈਨ ਅਨੈਤਿਕ ਆਚਰਣ, ਜਿਸ ਵਿੱਚ ਧੋਖਾਧੜੀ, ਧੱਕੇਸ਼ਾਹੀ, ਅੰਡਰਕਟਿੰਗ ਅਤੇ ਪਰੇਸ਼ਾਨੀ ਸ਼ਾਮਲ ਹਨ, ਦੀ ਰਿਪੋਰਟ ਕਰਨ ਦੀ ਇੱਕ ਸੁਰੱਖਿਤ ਵਿਧੀ ਪ੍ਰਦਾਨ ਕਰਦੀ ਹੈ। ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਕੌਨਫ਼ੀਡੈਂਸਲਾਈਨ ਦੀ ਵਰਤੋਂ ਕਰਨ ਵਾਲੇ ਕਿਸੇ ਵੀ ਵਿਅਕਤੀ ਦੀ ਪਛਾਣ ਹਮੇਸ਼ਾ ਸੁਰੱਖਿਤ ਅਤੇ ਗੁਪਤ ਰੱਖੀ ਜਾਂਦੀ ਹੈ। ਇਸ ਸੇਵਾ ਦਾ ਲਾਭ 1-877-713-5109 'ਤੇ ਕਾਲ ਕਰਕੇ ਲਿਆ ਜਾ ਸਕਦਾ ਹੈ। ਇਹ ਸੇਵਾ ਅੰਗਰੇਜ਼ੀ ਅਤੇ ਪੰਜਾਬੀ ਵਿੱਚ 24 ਘੰਟੇ, ਹਫ਼ਤੇ ਦੇ 7 ਦਿਨ ਉਪਲਬਧ ਹੈ। ਕਰਿਪਾ ਕਰਕੇ ਯਕੀਨੀ ਬਣਾਓ ਕਿ ਤੁਸੀਂ ਆਪਣੀ ਸ਼ਕਿਾਇਤ ਦੀ ਪੁਸ਼ਟੀ ਕਰਨ ਲਈ ਸਾਰੀ ਸੰਬੰਧਤਿ ਜਾਣਕਾਰੀ ਅਤੇ ਵੇਰਵੇ ਸ਼ਾਮਲ ਕੀਤੇ ਹਨ। ਇੱਕ ਵਾਰ ਜਦੋਂ ਤੁਸੀਂ ਇੱਕ ਸ਼ਕਿਾਇਤ ਦਰਜ ਕਰ ਲੈਂਦੇ ਹੋ, ਤਾਂ ਡੁਪਲੀਕੇਸ਼ਨ ਤੋਂ ਬਚਣ ਲਈ ਉਸ ਨੂੰ ਕਈ ਵਾਰ ਦੁਬਾਰਾ ਦਰਜ ਨਾ ਕਰੋ।

[ਵਧੇਰੀ ਜਾਣਕਾਰੀ ਲਈ ਇੱਥੇ ਕਲਿੱਕ ਕਰੋ]

## ਇੱਕ ਬਰੇਕ ਲੈ ਰਹੇ ਹੋ?

ਵਕੇਸ਼ਨ ਜਾਂ ਛੁੱਟੀ (ਮੈਡੀਕਲ ਜਾਂ ਐਕ੍ਸਟੈਂਡਡਿ) ਲੈਣ ਵੇਲੇ, ਇਹ ਹਰ ਆਈ ਓ ਦੀ ਜ਼ਮਿੇਵਾਰੀ ਹੈ ਕਿ ਉਹ ਓ ਬੀ ਸੀ ਸੀ ਟੀ ਨੂੰ ਸੂਚਤਿ ਕਰਨ। ਅਜਹਿਾ ਕਰਨ ਨਾਲ ਕਮਸ਼ਿਨਰ ਆਈ ਓ ਲਸਿਟ ਵਿੱਚ ਤੁਹਾਡੀ ਥਾਂ ਸੁਰੱਖਤਿ ਰਹੇਗੀ। ਕਰਿਪਾ ਕਰਕੇ ਛੁੱਟੀ ਤੇ ਜਾਣ ਤੋਂ ਪਹਲਿਾਂ ਸਾਨੂੰ registrar@obcctc.ca 'ਤੇ ਈਮੇਲ ਕਰਕੇ ਦੱਸਣਾ ਯਾਦ ਰੱਖੋ।



# ਸਾਨੂੰ ਫੇਸਬੁੱਕ 'ਤੇ ਫ਼ਾਲੋ ਕਰਨਾ ਨਾ ਭੁੱਲੋ

ਕੰਟੇਨਰ ਟਰੱਕਿੰਗ ਉਦਯੋਗ ਬਾਰੇ ਜਾਨਣ ਲਈ ਸਾਡੀ ਫੇਸਬੁੱਕ ਕਮਿਊਨਟੀ ਨਾਲ ਜੁੜੋ| ਅਸੀਂ ਓ ਬੀ ਸੀ ਸੀ ਟੀ ਸੀ ਗਤੀਵਿਧੀਆਂ ਅਤੇ ਇੰਡਸਟਰੀ ਸਟੇਕਹੋਲਡਰਾਂ ਲਈ ਮਹੱਤਵਪੂਰਨ ਜਾਣਕਾਰੀ ਦੇ ਸਬੰਧ ਵਿੱਚ ਲਗਾਤਾਰ ਅੱਪਡੇਟ ਪੋਸਟ ਕਰਦੇ ਰਹਿੰਦੇ ਹਾਂ।

**obcctc.ca/facebook** 'ਤੇ ਸਾਨੂੰ ਫ਼ਾਲੋ ਕਰੋ|


OFFICE OF THE
BRITISH COLUMBIA CONTAINER
TRUCKING COMMISSIONER

1085 ਕੈਮਬੀ ਸਟ੍ਰੀਟ, ਵੈਨਕੂਵਰ ਬੀ ਸੀ V6B 5L7
ਫ਼ੋਨ: 604-660-6051 | ਫ਼ੈਕਸ: 604-660-6045 | ਈਮੇਲ: info@obcctc.ca | obcctc.ca